(ਸਾਡੀ ਰੂਹ ਪੰਜਾਬੀ- ਸਾਡੀ ਜਾਂਨ ਪੰਜਾਬੀ )

ਸਾਡੀ ਰੂਹ ਪੰਜਾਬੀ ਸਾਡੀ ਜਾਂਨ ਪੰਜਾਬੀ

ਸਾਡਾ ਧਰਮ ਪੰਜਾਬੀ ਸਾਡੀ ਸ਼ਾਨ ਪੰਜਾਬੀ

ਚਾਹੇ ਅੰਗ੍ਰੇਜ਼ੀ ਚਾਹੇ ਹਿੰਦੀ ਵਿਚ ਬੋਲੀਏ

ਦਿਲ ਵਾਲੀ ਘੁੰਡੀ ਤਾਂ ਪੰਜਾਬੀ ਵਿਚ ਖੋਲੀਏ

ਚਾਹੇ ਹਰੀ ਸਿੰਘ ਚਾਹੇ ਹਰੀ ਚੰਦ ਨਾਂ ਹੋਵੇ

ਦਿਲ ਵਿਚ ਸਿਰਫ ਪੰਜਾਬੀ ਦੀ ਹੀ ਥਾਂ ਹੋਵੇ

ਮਾਂ ਨੇ ਪੰਜਾਬੀ ਵਿਚ ਦਿਤੀਆਂ ਸੀ ਲੋਰੀਆਂ

ਪੰਜਾਬੀ ਵਿਚ ਸਿਖਿਆ ਸੁਣਾ ਕੇ ਧੀਆਂ ਤੋਰੀਆਂ

ਗਿਧੇ ਚ ਪੰਜਾਬੀ ਵਿਚ ਪੈਂਦੀਆਂ ਨੇ ਬੋਲੀਆਂ

ਪੰਜਾਬੀਆਂ ਨੇ ਘੇਰਿਆ ਸੀ ਜਦੋਂ ਅਖਾਂ ਖੋਲੀਆਂ

ਪੰਜਾਬੀ ਵਿਚ ਦਿਤੀਆਂ ਸੀ ਸਭ ਨੇ ਵਧਾਈਆਂ ਜਦੋਂ

ਨਾਨਕੀਆਂ ਦਾਦਕੀਆਂ ਹਿਲ ਮਿਲ ਆਈਆਂ ਜਦੋਂ

ਕਠੀਆਂ ਮਨੋਂਦੇ ਅਸੀਂ ਲੋਹੜੀਆਂ ਵਿਸਾਖੀਆਂ
ਕਠੇ ਸਰ ਹਦਾਂ ਉੱਤੇ ਕਰਦੇ ਹਾਂ ਰਾਖੀਆਂ
ਕਠੀਆਂ ਆਜ਼ਾਦੀ ਲਈ ਜਾਨਾਂ ਅਸੀਂ ਵਾਰੀਆਂ
ਜਾਣੇ ਇਤਿਹਾਸ ਅਸੀਂ ਜੋ ਵੀ ਮਲ੍ਹਾਂ ਮਾਰੀਆਂ

ਇਕ ਗਲ ਆਖਾਂ ਥੋਨੂ ਸਾਰੇ ਤੁਸੀਂ ਆਪਣੇ
ਚਾਹੀਦੇ ਨੇ ਕਾਰਡ ਪੰਜਾਬੀ ਵਿਚ ਛਾਪਣੇ
ਗਮੀ ਵਾਲਾ ਕਾਰਡ ਹੋਵੇ ਚਾਹੇ ਹੋਵੇ ਖੁਸ਼ੀ ਦਾ
ਮਾਤ ਭਾਸ਼ਾ ਨਾਲ ਕਦੇ ਭੁਲ ਕੇ ਨਹੀਂ ਰੁਸੀਦਾ
ਸਾਡੀ ਰੂਹ ਪੰਜਾਬੀ ਸਾਡੀ ਜਾਂਨ ਪੰਜਾਬੀ
ਸਾਡਾ ਧਰਮ ਪੰਜਾਬੀ ਸਾਡੀ ਸ਼ਾਨ ਪੰਜਾਬੀ